# ਲੂੰਬੜੀ ਅਤੇ ਅੰਗੂਰ




ਇੱਕ ਦਿਨ ਇੱਕ ਲੂੰਬੜੀ ਨੂੰ
ਦਰੱਖਤ ਤੇ ਚੜ੍ਹੀ ਹੋਈ ਅੰਗੂਰਾਂ
ਦੀ ਵੇਲ ਤੇ ਇੱਕ ਬਹੁਤ ਸੋਹਣਾ
ਪੱਕੇ ਅੰਗੂਰਾਂ ਦਾ ਗੁੱਛਾਂ ਦਿਸਿਆ



ਅੰਗੂਰ ਰਸ ਨਾਲ ਇੰਨੇ ਭਰੇ ਪਏ ਸੀ
ਕਿ ਲੱਗਦਾ ਸੀ ਫੱਟ ਹੀ ਜਾਣਗੇ ।

ਜਦੋਂ ਲੂੰਬੜੀ ਕਾਫੀ ਦੇਰ ਖੜ੍ਹੀ ਇਸ
ਗੁੱਛੇ ਨੂੰ ਦੇਖਦੀ ਰਹੀ ਤਾਂ ਉਸਦੇ ਮੂੰਹ
ਵਿੱਚ ਪਾਣੀ ਆ ਗਿਆ

ਅੰਗੂਰਾਂ ਦਾ ਗੁੱਛਾਂ ਉੱਚੀ ਟਾਹਣੀ ਤੇ
ਲੱਗਿਆ ਹੋਇਆ ਸੀ। ਇਸ ਨੂੰ ਤੋੜਨ
ਲਈ ਲੂੰਬੜੀ ਨੇ ਛਾਲ ਮਾਰੀ। ਪਹਿਲੀ
ਵਾਰ ਜਦੋ ਉਸਨੇ ਛਾਲ ਮਾਰੀ ਤਾਂ ਅੰਗੂਰ
ਉਸ ਤੋ ਬਹੁਤ ਉੱਚੇ ਸੀ ਤੇ ਤੋੜਨ ਵਿੱਚ
ਕਾਮਯਾਬ ਨਾ ਹੋ ਸਕੀ




ਫਿਰ ਉਹ ਥੋੜ੍ਹੀ ਦੂਰ ਤੁਰ ਕੇ ਗਈ ਤੇ
ਉਥੋਂ ਭੱਜ ਕੇ ਫਰ ਛਾਲ ਮਾਰੀ
ਪਰ ਇਸ ਵਾਰ ਵੀ ਉਹ ਅੰਗੂਰਾ
ਦੇ ਗੁੱਛੇ ਤੱਕ ਨਾ ਪਹੁੰਚ ਸਕੀ ।
ਉਸਨੇ ਬਹੁਤ ਵਾਰ ਕੋਸ਼ਿਸ ਕੀਤੀ
ਪਰ ਅੰਗੂਰਾਂ ਤੱਕ ਨਾ ਪਹੁੰਚ ਸਕੀ


ਹੁਣ ਉਹ ਥੱਕ ਕੇ ਬੈਠ ਗਈ ਅਤੇ ਦੁਖੀ ਹੋਈ ਅੰਗੂਰਾ
ਵੱਲ ਦੇਖਣ ਲੱਗੀ । ਫਿਰ ਉਸਨੇ ਆਪਣੇ ਆਪ ਨੂੰ ਕਿਹਾ
"ਮੈ ਕਿੱਡੀ ਮੂਰਖ ਹਾਂ ! ਅੰਗੂਰ ਤਾਂ ਖੱਟੇ ਹਨ ਅਤੇ
ਖਾਣਯੋਗ ਹੀ ਨਹੀ ਹਨ । ਮੈ ਫਾਲਤੂ ਹੀ ਆਪਣੇ ਆਪ ਨੂੰ ਥਕਾ ਰਹੀ
ਹਾਂ । ਇੰਉ ਬੇਇੱਜਤ ਹੋਈ ਉੱਥੋ ਤੁਰ ਗਈ